AQA

Please write clearly in block capitals.

Centre number | | | | | |   Candidate number | | | | |

Surname ______________________

Forename(s) ______________________

Candidate signature ______________________

# A-level
# PANJABI
## Unit 2 Reading and Writing

Monday 18 June 2018 Afternoon Time allowed: 3 hours

**Materials**
For this paper you must have:
- the essay questions for Section 3 on an insert (enclosed).

**Instructions**
- Use black ink or black ball-point pen.
- Fill in the boxes at the top of this page.
- Answer **all** questions in Sections 1 and 2 and **two** questions from Section 3. In Section 3 you must not answer both questions on the same topic.
- You must answer the questions in the spaces provided. Do not write outside the box around each page or on blank pages.
- Answer in **Panjabi**.
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 100.
- You must **not** use a dictionary.
- If you need extra paper, use the Additional Answer Sheets.
- This unit is divided into three sections.
  **Section 1** 20 marks **Section 2** 20 marks **Section 3** 60 marks

**Advice for Section 3**
- You are strongly advised to write a plan before beginning each answer.
- To obtain high marks you must give details and facts and express your own opinions/draw your own conclusions. At all times you should explain and justify your answers.

| For Examiner's Use | |
|---|---|
| Examiner's Initials | |
| Section | Mark |
| 1 | |
| 2 | |
| 3 | |
| TOTAL | |

Do not write outside the box

## Section 1

**Question 1 (a)**

ਹੇਠ ਲਿਖੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਆਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਹਰ ਉੱਤਰ ਪੂਰੇ ਵਾਕਾਂ ਵਿੱਚ ਪ੍ਰਸ਼ਨ ਅਨੁਕੂਲ ਹੀ ਹੋਣਾ ਚਾਹੀਦਾ ਹੈ।

# ਪਿੰਡਾਂ ਦਾ ਬਦਲਿਆ ਮੁਹਾਂਦਰਾ

ਪੰਜਾਬ ਵਿੱਚ 13 ਹਜ਼ਾਰ ਤੋਂ ਵੱਧ ਪਿੰਡ ਹਨ, ਜਿਨ੍ਹਾਂ ਵਿੱਚੋਂ ਬਹੁਤੇ ਅਜਿਹੇ ਹਨ ਜੋ ਕਿ ਸ਼ਹਿਰਾਂ ਦੇ ਨੇੜੇ ਹੋਣ ਕਰ ਕੇ ਉਨ੍ਹਾਂ ਦਾ ਹੀ ਹਿੱਸਾ ਬਣ ਗਏ ਲਗਦੇ ਹਨ। ਜੇ ਇਨ੍ਹਾਂ ਪਿੰਡਾਂ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਆਈ ਤਬਦੀਲੀ ਦੀ ਗੱਲ ਕਰੀਏ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਬਹੁਤ ਸਾਰੇ ਪਿੰਡਾਂ ਨੂੰ ਜਾਂਦੇ ਕੱਚੇ ਰਾਹ ਪੱਕੇ ਤੇ ਪੱਕੀਆਂ ਸੜਕਾਂ ਹੋਰ ਚੌੜੀਆਂ ਹੋ ਚੁੱਕੀਆਂ ਹਨ ਅਤੇ ਨਾਲੀਆਂ ਤੇ ਸੀਵਰੇਜ ਦੀ ਸਹੂਲਤ ਵੀ ਹੋ ਗਈ ਹੈ।

ਹੁਣ ਪਿੰਡਾਂ ਵਿੱਚ ਕੱਚੇ ਕੋਠੇ ਨਹੀਂ ਰਹੇ, ਇਨ੍ਹਾਂ ਦੀ ਜਗ੍ਹਾ ਖੁੱਲ੍ਹੀਆਂ ਤੇ ਉੱਚੀਆਂ ਕੋਠੀਆਂ ਬਣ ਗਈਆਂ ਹਨ। ਦੁਆਬੇ ਦੇ ਕਈ ਪਿੰਡ ਅਜਿਹੇ ਹਨ, ਜਿੱਥੇ ਕਿ ਆਲੀਸ਼ਾਨ ਕੋਠੀਆਂ ਤੇ ਬੰਗਲੇ ਬਣੇ ਹੋਏ ਹਨ ਪਰ ਉਨ੍ਹਾਂ ਵਿੱਚ ਜ਼ਿੰਦਗੀ ਨਹੀਂ ਧੜਕਦੀ, ਕਿਉਂਕਿ ਇਨ੍ਹਾਂ ਬੰਗਲਿਆਂ ਦੇ ਵਸਨੀਕ ਵਿਦੇਸ਼ ਵਿੱਚ ਰਹਿੰਦੇ ਹਨ। ਉਹ ਕੁਝ ਸਾਲਾਂ ਬਾਅਦ ਸਰਦੀਆਂ ਦੇ ਮੌਸਮ ਵਿੱਚ ਪ੍ਰਵਾਸੀ ਕੂੰਜਾਂ ਵਾਂਗ ਪੰਜਾਬ ਆਉਂਦੇ ਹਨ ਤੇ ਠੰਡ ਘਟਣ ਸਾਰ ਹੀ ਮੁੜ ਵਾਪਸ ਉਡਾਰੀ ਮਾਰ ਜਾਂਦੇ ਹਨ।

ਇਹਨਾਂ ਮਹਿਲਾਂ ਵਰਗੀਆਂ ਕੋਠੀਆਂ ਤੇ ਹਵਾਈ ਜਹਾਜ਼, ਟੈਂਕ, ਬਲਦਾਂ ਦੀ ਜੋੜੀ ਤੇ ਘੋੜੇ ਦੇ ਬੁੱਤ ਆਦਿ ਚਿੰਨ੍ਹ ਬਣਾ ਕੇ ਲਗਾਏ ਗਏ ਹਨ ਜਿਨ੍ਹਾਂ ਰਾਹੀਂ ਵਿਦੇਸ਼ੀ ਪੰਜਾਬੀ ਆਪਣੀ ਸਰਮਾਏਦਾਰੀ ਦੀ ਪ੍ਰਦਰਸ਼ਨੀ ਖੁੱਲ੍ਹੇ ਆਮ ਕਰ ਰਹੇ ਹਨ। ਆਧੁਨਿਕ ਕੋਠੀਆਂ ਦੇ ਨਾਲ ਨਾਲ ਪੁਰਾਣੇ ਮਾਡਲ ਦੀਆਂ ਹਵੇਲੀਆਂ ਵੀ ਇਨ੍ਹਾਂ ਪਿੰਡਾਂ ਦੀ ਸ਼ਾਨ ਹਨ।

ਪਟਿਆਲੇ ਨੇੜੇ ਪੰਜਾਬ ਦੇ ਸਰਹੱਦੀ ਇਲਾਕੇ ਦੇ ਕਈ ਪਿੰਡ ਅਜਿਹੇ ਹਨ ਜਿੱਥੇ ਲੋਕ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ। ਇੱਥੇ ਨਾਂ ਤਾਂ ਪੱਕੀਆਂ ਗਲੀਆਂ ਤੇ ਨਾਂ ਹੀ ਨਾਲੀਆਂ ਹਨ ਜਿਸ ਕਰਕੇ ਘਰਾਂ ਦਾ ਗੰਦਾ ਪਾਣੀ ਗਲੀਆਂ ਵਿੱਚ ਬਦਬੂ ਮਾਰਦਾ ਹੈ। ਇਨ੍ਹਾਂ ਪਿੰਡਾਂ ਵਿੱਚ ਲੋਕ ਗਰੀਬੀ ਦੇ ਚੱਕਰ ਵਿੱਚ ਫਸ ਕੇ ਰਹਿ ਗਏ ਹਨ ਅਤੇ ਇਨ੍ਹਾਂ ਨੂੰ ਸਰਕਾਰ ਤੋਂ ਵੀ ਕੋਈ ਮਦਦ ਨਹੀਂ ਮਿਲ ਰਹੀ। ਪ੍ਰਸ਼ਨ ਉੱਠਦਾ ਹੈ ਕਿ ਇਨ੍ਹਾਂ ਪਿੰਡਾਂ ਦੀ ਨੁਹਾਰ ਕਦੋਂ ਬਦਲੇਗੀ!

*Do not write outside the box*

**1 (a) (i)** ਇਸ ਸਿਰਲੇਖ ਦਾ ਕੀ ਮਤਲਬ ਹੈ ?

**[1 mark]**

**1 (a) (ii)** ਇਸ ਵਾਰਤਾ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ ਕੀ ਤਬਦੀਲੀਆਂ ਆਈਆਂ ਹਨ ? ਦੋ ਗੱਲਾਂ ਦੱਸੋ ?

**[2 marks]**

**1 (a) (iii)** ਇਸ ਵਾਰਤਾ ਅਨੁਸਾਰ ਦੁਆਬੇ ਦੀਆਂ ਕੋਠੀਆਂ ਵਿੱਚ ਕਿਸ ਚੀਜ਼ ਦੀ ਕਮੀ ਹੈ ਅਤੇ ਕਿਉਂ ?

**[2 marks]**

**1 (a) (iv)** ਇਸ ਵਾਰਤਾ ਵਿੱਚ ਵਿਦੇਸ਼ੀ ਪੰਜਾਬੀਆਂ ਦੀ ਪੰਛੀਆਂ ਨਾਲ ਕਿਵੇਂ ਤੁਲਨਾ ਕੀਤੀ ਗਈ ਹੈ ? ਦੋ ਗੱਲਾਂ ਦੱਸੋ ।

**[2 marks]**

**1 (a) (v)** ਇਸ ਵਾਰਤਾ ਵਿੱਚ ਕੋਠੀਆਂ ਤੇ ਚਿੰਨ੍ਹ ਬਣਾ ਕੇ ਲਗਾਉਣ ਪਿੱਛੇ ਲੋਕਾਂ ਦਾ ਕੀ ਉਦੇਸ਼ ਹੈ ?

**[1 mark]**

**1 (a) (vi)** ਪੰਜਾਬ ਦੇ ਪਿੰਡਾਂ ਦੀ ਤਸਵੀਰ ਦਾ ਦੂਜਾ ਪੱਖ ਕੀ ਹੈ ਅਤੇ ਇਸ ਦੇ ਪਿੱਛੇ ਕੀ ਕਾਰਨ ਹਨ ?

**[2 marks]**

**Turn over ▶**

Do not write outside the box

**Question 1 (b)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਵਾਰਤਾ ਦੇ ਵਿਸ਼ੇ-ਵਸਤੂ ਦੇ ਆਧਾਰ ਤੇ ਦਿਓ।

# ਆਓ ਥੋੜ੍ਹੀ ਜਿਹੀ ਸੋਚ ਬਦਲੀਏ

ਮਨੁੱਖੀ ਜੀਵਨ ਦਾ ਵਰਤਾਰਾ ਇਨਸਾਨ ਦੀ ਸੋਚ ਤੇ ਹੀ ਨਿਰਭਰ ਕਰਦਾ ਹੈ। ਜਿਸ ਤਰ੍ਹਾਂ ਦੀ ਕਿਸੇ ਦੀ ਸੋਚ ਹੁੰਦੀ ਹੈ, ਉਸ ਦਾ ਵਿਵਹਾਰ ਤੇ ਰਹਿਣ-ਸਹਿਣ ਦਾ ਢੰਗ ਉਹੋ ਜਿਹਾ ਹੀ ਹੋ ਜਾਂਦਾ ਹੈ। ਇਹ ਸੋਚ ਆਪਣੇ ਸੰਸਕਾਰਾਂ ਅਤੇ ਘਰ ਦੀ ਆਰਥਿਕ ਹਾਲਤ ਅਨੁਸਾਰ ਹੀ ਹੁੰਦੀ ਹੈ। ਕੰਜੂਸ, ਸ਼ੱਕੀ, ਖੁਲ੍ਹੇ ਦਿਲ ਵਾਲੇ, ਲਾਪ੍ਰਵਾਹ ਤੇ ਮਸਤ ਲੋਕ ਸਮਾਜ ਦਾ ਹੀ ਹਿੱਸਾ ਹੁੰਦੇ ਹਨ। ਪਰ ਕਈ ਲੋਕ ਪੱਲੇ ਪੈਸਾ ਨਾ ਹੋਣ ਦੇ ਬਾਵਜੂਦ ਵੀ ਦਿਲ ਦੇ ਅਮੀਰ ਹੁੰਦੇ ਹਨ ਅਤੇ ਕਈ ਕਰੋੜਪਤੀ ਹੋ ਕੇ ਵੀ ਦਿਲੋਂ ਨੰਗ ਹੁੰਦੇ ਹਨ। ਇਸ ਲਈ ਇਨਸਾਨ ਦੀ ਸੋਚ ਸਹੀ ਹੋਣੀ ਚਾਹੀਦੀ ਹੈ। ਅਸੀਂ ਆਪਣੀ ਮਾਮੂਲੀ ਜਿਹੀ ਸੋਚ ਨੂੰ ਬਦਲ ਕੇ ਜੀਵਨ ਦੇ ਸੁੱਖਾਂ ਦਾ ਅਨੰਦ ਲੈ ਸਕਦੇ ਹਾਂ ਅਤੇ ਬਹੁਤ ਵਾਰੀ ਸਿਰਫ ਆਪਣੀ ਤੰਗ ਸੋਚ ਕਰਕੇ ਸਾਰੀ ਜ਼ਿੰਦਗੀ ਘੁੱਟ ਘੁੱਟ ਕੇ ਮਰਦੇ ਰਹਿੰਦੇ ਹਾਂ।

ਬੱਸ, ਰੇਲ, ਮੈਟਰੋ ਵਿੱਚ ਸਫਰ ਦੇ ਦੌਰਾਨ ਅਸੀਂ ਆਪਣੇ ਤੇ ਆਪਣੇ ਪਰਿਵਾਰਾਂ ਬਾਰੇ ਹੀ ਸੋਚਦੇ ਹਾਂ। ਖਾਲੀ ਪਈ ਸੀਟ ਤੇ ਕਬਜ਼ਾ ਕਰਨ ਦੀ ਇੱਛਾ ਕਈ ਯਾਤਰੀਆਂ ਨੂੰ ਪ੍ਰੇਸ਼ਾਨ ਕਰਦੀ ਹੈ। ਬਜ਼ੁਰਗ, ਔਰਤਾਂ ਤੇ ਬੱਚਿਆਂ ਬਾਰੇ ਸੋਚ ਕੇ ਥੋੜ੍ਹਾ ਜਿਹਾ ਤਿਆਗ ਕਰਨ ਨਾਲ ਅਸੀਂ ਸਮਾਜ ਦੇ ਵੱਡੇ ਵਰਗ ਨੂੰ ਸੁਖ ਪਹੁੰਚਾ ਸਕਦੇ ਹਾਂ ਪਰ ਅਸੀਂ ਤਾਂ ਆਪਣਾ ਸਾਮਾਨ ਵੀ ਥੱਲੇ ਰੱਖਣ ਨੂੰ ਤਿਆਰ ਨਹੀਂ ਹੁੰਦੇ। ਸਾਡੀ ਇਹੀ ਸੋਚ ਸਾਡੇ ਪੂਰੇ ਸਮਾਜ ਲਈ ਦੁੱਖਾਂ ਦਾ ਕਾਰਨ ਬਣਦੀ ਹੈ। ਬੱਸਾਂ ਗੱਡੀਆਂ ਤੇ ਚੜ੍ਹਨ ਵੇਲੇ ਧੁੱਸ ਦੇ ਕੇ ਸਵਾਰ ਹੋਣ ਦੀ ਕੋਸ਼ਿਸ਼ ਕਰਦੇ ਹਾਂ ਭਾਵੇਂ ਕਿਸੇ ਨੂੰ ਕਿੰਨੀ ਵੀ ਸੱਟ ਕਿਉਂ ਨਾ ਵੱਜੇ। ਅਸੀਂ ਸਿਰਫ ਆਪਣੇ ਭਲੇ ਦਾ ਹੀ ਖਿਆਲ ਕਰਦੇ ਹਾਂ।

ਅਸੀਂ ਖੁਦ ਨੂੰ ਬਹੁਤ ਸਫਾਈ ਪਸੰਦ ਮੰਨਦੇ ਹਾਂ ਪਰ ਆਪਣੇ ਘਰ ਤੇ ਦੁਕਾਨ ਦਾ ਕੂੜਾ ਸੜਕ ਤੇ ਸੁੱਟਣੋਂ ਨਹੀਂ ਝਿਜਕਦੇ। ਇਸ ਸੋਚ ਨੂੰ ਬਦਲ ਕੇ ਸਮਾਜ-ਪੱਖੀ ਖੁੱਲ੍ਹੀ ਸੋਚ ਨੂੰ ਅਪਣਾਉਣ ਦੀ ਲੋੜ ਹੈ ਤਾਂ ਕਿ ਅਸੀਂ ਖੁਦ ਵੀ ਸਾਫ ਰਹੀਏ ਤੇ ਆਲਾ-ਦੁਆਲਾ ਵੀ ਸਾਫ ਰੱਖੀਏ।

Do not write outside the box

ਹੇਠ ਦਿੱਤੇ ਵਾਕਾਂ ਨੂੰ ਪੜ੍ਹੋ ਅਤੇ ਵਾਰਤਾ ਦੇ ਵਿਸ਼ੇ-ਵਸਤੂ ਨਾਲ ਤੁਲਨਾ ਕਰੋ। ਉੱਤਰ ਦੇਣ ਸਮੇਂ ਵਾਕ ਸਾਹਮਣੇ ਬਣੇ ਖਾਨੇ ਵਿੱਚ **ਠੀਕ ਲਈ 'ਠ', ਗਲਤ ਲਈ 'ਗ'** ਅਤੇ **ਜੇ ਵਾਰਤਾ ਵਿੱਚ ਨਹੀਂ ਹੈ ਤਾਂ '?'** ਲਿਖੋ।

| | | |
|---|---|---|
| **1 (b) (i)** | ਇਨਸਾਨ ਦੀ ਸੋਚ ਤੇ ਕੰਮ ਕਾਰ ਕਰਨ ਦੇ ਢੰਗ ਦਾ ਆਪਸ ਵਿੱਚ ਗੂੜ੍ਹਾ ਮੇਲ ਹੈ। | |

**[1 mark]**

| | | |
|---|---|---|
| **1 (b) (ii)** | ਲੋਕਾਂ ਦੀ ਆਰਥਿਕ ਹਾਲਤ ਦਾ ਉਨ੍ਹਾਂ ਦੀ ਸੋਚ ਤੇ ਕੋਈ ਅਸਰ ਨਹੀਂ ਹੁੰਦਾ। | |

**[1 mark]**

| | | |
|---|---|---|
| **1 (b) (iii)** | ਕੰਜੂਸ ਹੋਣਾ ਕੋਈ ਮਾੜੀ ਗੱਲ ਨਹੀਂ। | |

**[1 mark]**

| | | |
|---|---|---|
| **1 (b) (iv)** | ਅਮੀਰ ਲੋਕ ਦਿਲ ਦੇ ਵੀ ਅਮੀਰ ਹੁੰਦੇ ਹਨ। | |

**[1 mark]**

| | | |
|---|---|---|
| **1 (b) (v)** | ਸੋਚ ਵਿੱਚ ਥੋੜ੍ਹੀ ਜਿਹੀ ਤਬਦੀਲੀ ਲਿਆ ਕੇ ਜ਼ਿੰਦਗੀ ਸੌਖੀ ਹੋ ਸਕਦੀ ਹੈ। | |

**[1 mark]**

**Turn over ▶**

*Do not write outside the box*

**Question 1 (c)**

**ਪਹਿਲਾ ਭਾਗ**

ਵਾਰਤਾ ਤੇ ਆਧਾਰਿਤ ਹੇਠ ਲਿਖੇ ਪਹਿਲੇ ਭਾਗ ਦੇ ਵਾਕ ਪੜ੍ਹੋ। ਇਨ੍ਹਾਂ ਨੂੰ ਪੂਰਾ ਕਰਨ ਲਈ ਅਗਲੇ ਸਫੇ ਤੇ ਦੂਜੇ ਭਾਗ ਵਿੱਚ ਲਿਖੇ ਠੀਕ ਵਾਕ ਦਾ ਨੰਬਰ ਪਹਿਲੇ ਭਾਗ ਵਿੱਚ ਦਿੱਤੇ ਖਾਨੇ ਵਿੱਚ ਲਿਖੋ।

| | | |
|---|---|---|
| **ਉਦਾਹਰਣ:** | ਵਾਰਤਾ ਦੇ ਸਿਰਲੇਖ ਵਿੱਚ ਸੁਨੇਹਾ ਦਿੱਤਾ ਗਿਆ ਹੈ | **8** |
| **1 (c) (i)** | ਬੱਸ ਜਾਂ ਗੱਡੀ ਵਿੱਚ ਚੜ੍ਹਨ ਵੇਲੇ | |

**[1 mark]**

| | | |
|---|---|---|
| **1 (c) (ii)** | ਸਮਾਜ ਦੇ ਬਹੁਤੇ ਲੋਕਾਂ ਨੂੰ ਸੁੱਖ ਪਹੁੰਚਾਉਣ ਲਈ | |

**[1 mark]**

| | | |
|---|---|---|
| **1 (c) (iii)** | ਘਰ ਦੀ ਸਫਾਈ ਦੇ ਨਾਲ ਨਾਲ | |

**[1 mark]**

| | | |
|---|---|---|
| **1 (c) (iv)** | ਸਵਾਰਥੀ ਸੋਚ ਵਾਲੇ ਲੋਕ | |

**[1 mark]**

| | | |
|---|---|---|
| **1 (c) (v)** | ਸਿਆਣੇ ਲੋਕਾਂ ਅਤੇ ਬੱਚੇ ਵਾਲੀਆਂ ਮਾਂਵਾਂ ਲਈ | |

**[1 mark]**

Do not write outside the box

| | ਦੂਜਾ ਭਾਗ |
|---|---|
| 2 | ਸੀਟ ਨਹੀਂ ਮੱਲਦੇ ਹਨ । |
| 3 | ਲੋਕ ਕਿਸੇ ਦੀ ਪਰਵਾਹ ਨਹੀਂ ਕਰਦੇ । |
| 4 | ਆਪ ਥੋੜ੍ਹਾ ਕਸ਼ਟ ਝੱਲ ਲੈਣਾ ਚਾਹੀਦਾ ਹੈ । |
| 5 | ਭੀੜ ਘੱਟ ਹੋ ਜਾਵੇਗੀ । |
| 6 | ਬੱਸ ਜਾਂ ਗੱਡੀ ਵਿੱਚ ਆਪਣੀ ਸੀਟ ਛੱਡ ਦੇਣੀ ਚੰਗੀ ਸੋਚ ਹੈ । |
| 8 | ਕਿ ਆਪਣੀ ਸੋਚ ਨੂੰ ਬਦਲੋ । |
| 9 | ਵਾਤਾਵਰਨ ਸਾਫ ਰੱਖਣਾ ਸਾਡਾ ਸਭ ਦਾ ਫਰਜ਼ ਹੈ । |
| 10 | ਸੋਚ ਵੀ ਚੰਗੀ ਹੋ ਜਾਂਦੀ ਹੈ । |
| 11 | ਆਪਣੇ ਜੀਵਨ ਵਿੱਚ ਖੁਸ਼ ਨਹੀਂ ਰਹਿ ਸਕਦੇ । |
| 12 | ਥੱਲੇ ਰੱਖਣ ਲਈ ਤਿਆਰ ਨਹੀਂ । |

**Please note:** Numbers **1** and **7** do not appear in the above grid.

**20**

**Turn over ▶**

Do not write outside the box

## Section 2

**Question 2**

ਹੇਠ ਲਿਖੀ ਵਾਰਤਾ ਦਾ ਪੰਜਾਬੀ ਵਿੱਚ ਉਲਥਾ ਕਰੋ :

**First look at the twin baby pandas**

Two rare giant baby pandas have appeared in public for the first time with their proud mother. The twin cubs were born at a research centre in south-west China in April, weighing less than 6 ounces each.

The unnamed cubs are the first to be born this year at the centre, which plays an important role in the country's breeding programme for pandas. Staff became concerned when their mum, Zhizhi, stopped eating before she gave birth. People in China watched the birth online and the babies are already famous.

It is estimated that there are fewer than 2000 giant pandas in the wild and females only produce egg cells once a year in the spring. However, experts now claim that they are no longer endangered following a survey in 2015 which revealed that their numbers have increased by 17% since 2003.

**[20 marks]**

Do not write outside the box

20

Turn over ▶

*Do not write outside the box*

## Section 3

### Writing

See the Insert for the questions.

For Essay 1, write the number of the question you have chosen in the box below, eg **3 (a)**.
Go to page 16 to write your answer to Essay 2.
If you need extra space to write your answer to Essay 1, you must use an Additional Answer Sheet, clearly indicating the question number you are answering.
You must not write an answer to Essay 2 in the space provided for Essay 1.

### ESSAY 1

*Do not write outside the box*

*Do not write outside the box*

*Do not write outside the box*

**Turn over ▶**

*Do not write outside the box*

*Do not write outside the box*

**Turn over ▶**

Do not write outside the box

## Section 3

### Writing

See the Insert for the questions.

For Essay 2, write the number of the question you have chosen in the box below, eg **4 (a)**.
If you need extra space to write your answer to Essay 2, you must use an Additional Answer Sheet, clearly indicating the question number you are answering.
You must not write an answer to Essay 2 in the space provided for Essay 1.

**ESSAY 2**

Do not write outside the box

Turn over ▶

*Do not write outside the box*

*Do not write outside the box*

**Turn over ▶**

*Do not write outside the box*

*Do not write outside the box*

60

**END OF QUESTIONS**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

**Copyright information**

For confidentiality purposes, from the November 2015 examination series, acknowledgements of third party copyright material will be published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2018 AQA and its licensors. All rights reserved.